**ਸਿਟੀ ਦਾ ਸਬਸਿਡੀਸ਼ੁਦਾ ਕੰਪੋਸਟਰ ਕਿਵੇਂ ਖਰੀਦਣਾ ਹੈ**

ਸਬਸਿਡੀਸ਼ੁਦਾ ਰੇਟਾਂ 'ਤੇ ਪਿਛਲੇ ਯਾਰਡ 'ਚ ਰੱਖਣ ਵਾਲੇ ਕੰਪੋਸਟਰ ਵੈਨਕੂਵਰ ਸਾਊਥ ਟ੍ਰਾਂਸਫਰ ਸਟੇਸ਼ਨ 'ਤੋਂ ਖਰੀਦੇ ਜਾ ਸਕਦੇ ਹਨ। ਕੰਪੋਸਟਰ ਖਰੀਦਣ ਵਾਸਤੇ ਤੁਹਾਨੂੰ ਭਾਰ ਤੋਲਣ ਵਾਲੇ ਕੰਡੇ 'ਤੇ ਜਾਣ ਲਈ ਲਾਈਨ 'ਚ ਲੱਗਣਾ ਪਵੇਗਾ।।

ਭਾਰ ਤੋਲਣ ਵਾਲੇ ਕੰਡੇ 'ਤੇ ਇਸਦੀ ਕੀਮਤ (ਸਾਰੇ ਟੈਕਸਾਂ ਸਮੇਤ) 25.00 ਡਾਲਰ ਹੈ ਅਤੇ ਤੁਸੀਂ ਅਦਾਇਗੀ ਚੈੱਕ, ਵੀਜ਼ਾ, ਮਾਸਟਰ ਕਾਰਡ, ਅਮੈਰੀਕਨ ਐਕਸਪ੍ਰੈਸ ਰਾਹੀਂ ਅਤੇ ਨਕਦ ਕਰ ਸਕਦੇ ਹੋ। ਡੈਬਿਟ ਕਾਰਡ ਪ੍ਰਵਾਨ ਨਹੀਂ ਕੀਤੇ ਜਾਂਦੇ। ਕੰਡੇ ਉੱਪਰਲਾ ਅਟੈਂਡੈਂਟ ਤੁਹਾਡੇ ਕੋਲੋਂ ਕਿਸੇ ਪਛਾਣ-ਪੱਤਰ ਦੀ ਮੰਗ ਕਰੇਗਾ ਜਿਹੜਾ ਦਰਸਾਉਂਦਾ ਹੋਵੇ ਕਿ ਤੁਸੀਂ ਵੈਨਕੂਵਰ 'ਚ ਰਹਿੰਦੇ ਹੋ (ਮਿਸਾਲ ਵਜੋਂ, ਡਰਾਈਵਰ ਲਾਇਸੈਂਸ)।

ਕੰਡੇ ਉੱਪਰਲਾ ਅਟੈਂਡੈਂਟ ਤੁਹਾਨੂੰ ਟ੍ਰਾਂਸਫਰ ਸਟੇਸ਼ਨ ਤੱਕ ਚਲਾ ਕੇ ਜਾਣ ਲਈ ਰਸਤਾ ਵਿਖਾਵੇਗਾ ਅਤੇ ਸਟਾਫ ਕੰਪੋਸਟਰ ਨੂੰ ਤੁਹਾਡੀ ਗੱਡੀ 'ਚ ਲੱਦਣ ਲਈ ਤੁਹਾਡੀ ਮਦਦ ਕਰੇਗਾ। ਗੱਡੀ 'ਚ ਲੱਦਣ ਨੂੰ ਸੌਖਾ ਕਰਨ ਵਾਸਤੇ ਕੰਪੋਸਟਰ ਕਈ ਹਿੱਸਿਆਂ 'ਚ ਅੱਡ ਅੱਡ ਕੀਤੇ ਹੋਏ ਆਉਂਦੇ ਹਨ। ਤੁਹਾਨੂੰ ਟ੍ਰਾਂਸਪੋਰਟੇਸ਼ਨ ਲਈ ਟਰੰਕ ਦਾ ਢੱਕਣ ਖੁੱਲ੍ਹਾ ਛੱਡਣਾ ਪਵੇਗਾ, ਇਸ ਲਈ ਟਰੰਕ ਦੇ ਢੱਕਣ ਨੂੰ ਹੇਠਾਂ ਵੱਲ ਨੂੰ ਬੰਨ੍ਹ ਕੇ ਰੱਖਣ ਲਈ ਰੱਸੀਆਂ ਲੈ ਕੇ ਆਉਣਾ ਚੰਗੀ ਗੱਲ ਹੈ।

**ਵੈਨਕੂਵਰ ਸਾਊਥ ਟ੍ਰਾਂਸਫਰ ਸਟੇਸ਼ਨ ਬਾਰੇ ਜਾਣਕਾਰੀ**

**ਸਥਾਨ:**

ਵੈਨਕੂਵਰ 'ਚ 377 ਵੈਸਟ ਕੈਂਟ ਐਵੇਨਿਊ ਨਾਰਥ। ਇਹ ਸਥਾਨ ਸਾਊਥਵੈਸਟ ਮਰੀਨ ਡਰਾਈਵ ਦੇ ਦੱਖਣ ਵੱਲ ਕੈਂਬੀ ਸਟਰੀਟ ਅਤੇ ਮੇਨ ਸਟਰੀਟ ਦੇ ਦਰਮਿਆਨ ਕੈਂਟ ਐਵੇਨਿਊ ਉੱਪਰ ਹੈ। ਟ੍ਰਾਂਸਫਰ ਸਟੇਸ਼ਨ 'ਚ ਕੈਂਟ ਐਵੇਨਿਊ ਦੇ ਪਰੂਬ ਵੱਲੋਂ ਆਉ ਕਿਉਂਕਿ ਜੇਕਰ ਤੁਸੀਂ ਪੱਛਮ ਵੱਲੋਂ ਆਉਂਦੇ ਹੋ ਤਾਂ ਉਥੇ ਖੱਬੇ ਪਾਸੇ ਨੂੰ ਮੁੜਨ ਦੀ ਮਨਾਹੀ ਹੈ।

**ਖੁੱਲ੍ਹਣ ਦਾ ਸਮਾਂ:**

**ਸਰਦੀਆਂ ਦਾ ਸਮਾਂ: 1 ਅਕਤੂਬਰ ਤੋਂ 30 ਅਪਰੈਲ**
ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ 5:30 ਵਜੇ ਤੋਂ ਸ਼ਾਮ 7:00 ਵਜੇ ਤੱਕ
ਸ਼ਨਿਚਰਵਾਰ ਅਤੇ ਐਤਵਾਰ - ਸਵੇਰੇ 8:00 ਵਜੇ ਤੋਂ ਸ਼ਾਮ 6:00 ਵਜੇ ਤੱਕ
ਸਰਕਾਰੀ ਛੁੱਟੀਆਂ (ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨਾਂ ਤੋਂ ਬਿਨਾਂ) ਸਵੇਰੇ 5:30 ਵਜੇ ਤੋਂ ਸ਼ਾਮ 7:00 ਵਜੇ ਤੱਕ
ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨ - ਬੰਦ

**ਗਰਮੀਆਂ ਦਾ ਸਮਾਂ: 1 ਮਈ ਤੋਂ 30 ਸਤੰਬਰ**
ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ 5:30 ਵਜੇ ਤੋਂ ਸ਼ਾਮ 9:00 ਵਜੇ ਤੱਕ
ਸ਼ਨਿਚਰਵਾਰ ਅਤੇ ਐਤਵਾਰ- ਸਵੇਰੇ 7:00 ਵਜੇ ਤੋਂ ਸ਼ਾਮ 7:00 ਵਜੇ ਤੱਕ
ਸਰਕਾਰੀ ਛੁੱਟੀਆਂ (ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨਾਂ ਤੋਂ ਬਿਨਾਂ) ਸਵੇਰੇ 5:30 ਵਜੇ ਤੋਂ ਸ਼ਾਮ 9:00 ਵਜੇ ਤੱਕ
ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨ - ਬੰਦ

ਟ੍ਰਾਂਸਫਰ ਸਟੇਸ਼ਨ ਬਾਰੇ ਜਾਣਕਾਰੀ, ਸਮੇਤ ਨਕਸ਼ਾ, ਸਿਟੀ ਦੇ ਵੈੱਬਸਾਈਟ:
**http://vancouver.ca/engsvcs/solidwaste/transfer/index.htm** 'ਤੇ ਵੀ (ਕੇਵਲ ਅੰਗਰੇਜ਼ੀ 'ਚ) ਉਪਲਬਧ ਹੈ।

**ਕੰਪੋਸਟਰ ਦਾ ਸਾਈਜ਼ ਅਤੇ ਜੋੜਨ/ ਤਿਆਰ ਕਰਨ ਬਾਰੇ ਹਦਾਇਤਾਂ**

ਜੋੜਿਆ/ਤਿਆਰ ਕੰਪੋਸਟਰ ਤਕਰੀਬਨ 86 ਸੈ ਮੀ (34 ਇੰਚ) ਉੱਚਾ ਅਤੇ ਥੱਲੇ ਤੋਂ ਲੱਗਪਗ 86 ਸੈ ਮੀ (34 ਇੰਚ) ਵਿਆਸ ਵਾਲਾ ਹੈ। ਇਸ ਦੀ ਬਾਡੀ ਦੇ ਹਿੱਸਿਆਂ ਨੂੰ ਕਈ ਸਾਰੀਆਂ ਟੈਬਾਂ ਨੂੰ ਇਕ ਸੇਧ 'ਚ ਕਰਕੇ ਅਤੇ ਫਿਰ ਹੇਠਾਂ ਵੱਲ ਨੂੰ ਦੱਬ ਕੇ ਇਕੱਠਿਆਂ ਜੋੜਿਆ ਜਾਂਦਾ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਕੰਪੋਸਟਰ ਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਜੋੜ ਲਉ ਤਾਂ ਕਿ ਅਣਜੋੜੇ ਪਏ ਰਹਿਣ ਨਾਲ ਵੱਖ ਵੱਖ ਹਿੱਸਿਆਂ ਦੀ ਸ਼ਕਲ ਨਾ ਵਿਗੜ ਜਾਵੇ।